**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ,ਪੰਜਾਬ,**
**ਐਸ. ਸੀ. ਓ ਨੰ. 104-106, ਸੈਕਟਰ 34 ਏ, ਚੰਡੀਗੜ੍ਹ**

ਸੇਵਾ ਵਿਖੇ

1.ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਅਤੇ (ਐ.ਸਿ.)
2. ਰਾਜ ਦੇ ਸਮੂਹ ਸਕੂਲਾਂ ਦੇ ਮੁੱਖੀ,
3. ਰਾਜ ਦੇ ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ
4. ਰਾਜ ਦੇ ਸਮੂਹ ਸੈਂਟਰ ਹੈੱਡ ਟੀਚਰ
(ਵੈੱਬ ਸਾਈਟ ਰਾਹੀਂ)

ਮੀਮੋ ਨੰ ਸਸਅ/ਐਮਸੀ/24840-24845
ਮਿਤੀ ਚੰਡੀਗੜ੍ਹ 11 ਫਰਵਰੀ, 2010

**ਵਿਸ਼ਾ ਪੰਜਾਬ ਰਾਜ ਦੇ ਸਕੂਲਾਂ ਨੂੰ ਵੱਖ-ਵੱਖ ਵਿਭਾਗਾਂ ਵੱਲੋਂ ਦਿੱਤੇ ਗਏ ਕੰਮਾ ਬਾਰੇ।**

1.0 ਉਪਰੋਕਤ ਵਿਸ਼ੇ ਤੇ ਆਪ ਜੀ ਦਾ ਧਿਆਨ ਮਹੀਨਾਵਾਰ ਮੀਟਿੰਗਾਂ ਅਤੇ ਸਮੇਂ ਸਮੇਂ ਸਿਰ ਸਕੂਲ ਮੁੱਖੀਆਂ ਨਾਲ ਐਜੂਸੈਟ ਤੇ ਹੋਈ ਗੱਲ-ਬਾਤ ਵੱਲ ਦਵਾਇਆ ਜਾਂਦਾ ਹੈ ।

2.0 ਸਕੂਲ ਮੁੱਖੀਆਂ ਵੱਲੋਂ ਆਮ ਤੌਰ ਤੇ ਇਹ ਗੱਲ ਧਿਆਨ ਵਿੱਚ ਲਿਆਂਦੀ ਗਈ ਹੈ ਕਿ ਉਨ੍ਹਾਂ ਨੂੰ ਵੱਖ-ਵੱਖ ਵਿਭਾਗਾਂ ਵੱਲੋਂ ਸਮੇਂ ਸਮੇਂ ਸਿਰ ਕੁੱਝ ਕੰਮ ਇਹੋ ਜਿਹੇ ਕਰਨ ਨੂੰ ਦੇ ਦਿੱਤੇ ਜਾਂਦੇ ਹਨ ਜਿਨ੍ਹਾਂ ਦਾ ਸਕੂਲਾਂ ਨਾਲ ਕੋਈ ਸਬੰਧ ਨਹੀਂ ਹੈ । ਕੁੱਝ ਇਕ ਵਿਸ਼ੇਸ਼ ਮਾਮਲਿਆਂ ਵਿੱਚ ਇਸ ਵਿਭਾਗ ਵੱਲੋਂ ਤਹਕੀਕਾਤ ਵੀ ਕਰਵਾਈ ਗਈ ਹੈ । ਵਿਭਾਗ ਇਸ ਸਿੱਟੇ ਤੇ ਪਹੁੰਚਿਆ ਹੈ ਕਿ ਇਹੋ ਜਿਹੇ ਮਾਮਲਿਆਂ ਦਾ ਸਿੱਖਿਆ ਵਿਭਾਗ ਨਾਲ ਕੋਈ ਤਾਅਲੁੱਕ ਨਹੀਂ ਹੈ । ਇਸ ਨਾਲ ਨਾ ਸਿਰਫ ਸਮੇਂ ਦੀ ਬਰਬਾਦੀ ਹੁੰਦੀ ਹੈ, ਬਲਕਿ ਵਿਦਿਆਰਥੀਆਂ ਦੇ ਸਮੇਂ ਦੀ ਵੀ ਬਰਬਾਦੀ ਹੁੰਦੀ ਹੈ ।

3.0 ਇਸ ਮਾਮਲੇ ਨੂੰ ਪਹਿਲਾਂ ਵੀ ਵਿਚਾਰਿਆਂ ਗਿਆ ਸੀ ਅਤੇ ਆਪ ਜੀ ਨੂੰ ਹਦਾਇਤਾਂ ਕੀਤੀਆ ਗਈਆਂ ਸਨ ਕਿ ਜਦੋਂ ਵੀ ਦੂਜੇ ਵਿਭਾਗ ਵੱਲੋਂ ਸਕੂਲਾਂ ਨੂੰ ਕਿਸੇ ਕੰਮ ਲਈ ਕਿਹਾ ਜਾਦਾ ਹੈ ਤਾਂ ਇਸ ਬਾਰੇ ਜ਼ਿਲ੍ਹਾ ਸਿੱਖਿਆ ਅਫਸਰ ਮੁੱਖ ਦਫਤਰ ਨਾਲ ਗੱਲ-ਬਾਤ ਕਰੇ ਅਤੇ ਸਾਰਾ ਮਾਮਲਾ ਵਿਚਾਰਣ ਉਪਰੰਤ ਹੀ ਸਕੂਲਾਂ ਨੂੰ ਹਦਾਇਤਾਂ ਕੀਤੀਆ ਜਾਣ । ਸਕੂਲ ਮੁੱਖੀਆਂ ਨੂੰ ਇਹ ਵੀ ਹਦਾਇਤਾ ਕਰ ਦਿੱਤੀਆਂ ਜਾਣ ਕਿ ਜਦੋਂ ਤੀਕ ਉਨ੍ਹਾਂ ਨੂੰ ਜ਼ਿਲ੍ਹਾ ਸਿੱਖਿਆ ਅਫਸਰਾਂ ਵੱਲੋਂ ਲਿਖਤੀ ਜਾਂ ਜਬਾਨੀ ਹੁਕਮ ਪ੍ਰਾਪਤ ਨਹੀਂ ਹੋ ਜਾਂਦੇ, ਉਹ ਦੂਜੇ ਵਿਭਾਗਾਂ ਦੇ ਹੁਕਮਾਂ ਦੀ ਪਾਲਣਾ ਨਾ ਕਰਨ । ਜੇਕਰ

ਉਨ੍ਹਾਂ ਪਾਸ ਕੋਈ ਤੁਰੰਤ ਕੰਮ ਕਰਨ ਦੀ ਜ਼ਰੂਰਤ ਹੁੰਦੀ ਹੈ ਤਾਂ ਜ਼ਿਲ੍ਹਾ ਸਿੱਖਿਆ ਅਫਸਰ ਨਾਲ ਟੈਲੀਫੋਨ ਤੇ ਗੱਲ ਕਰਕੇ ਸੱਪਸ਼ਟ ਹੁਕਮ / ਸੱਪਸ਼ਟੀਕਰਨ ਫੋਨ ਤੇ ਹੀ ਪ੍ਰਾਪਤ ਕਰ ਲਿਆ ਜਾਵੇ ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ**

ਉਤਾਰਾ : 1. ਡੀ.ਪੀ.ਆਈ. (ਸੈ.ਸਿ.) ਅਤੇ (ਐ.ਸਿ.) ਪੰਜਾਬ, ਚੰਡੀਗੜ੍ਹ
2. ਮੰਡਲ ਸਿੱਖਿਆ ਅਫਸਰ, ਨਾਭਾ, ਜਲੰਧਰ ਅਤੇ ਫਰੀਦਕੋਟ

**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ**